ਵਿਚਾਰ-ਚਰਚਾ

ਗੁਰਸ਼ਰਨ ਸਿੰਘ

# 300-ਸਾਲਾ ਉੱਤਸਵ

ਇਹ ਸਾਲ ਖਾਲਸਾ ਪੰਥ ਦੀ ਸਾਜਨਾ ਦਾ 300-ਸਾਲਾ ਉੱਤਸਵ ਦਾ ਸਾਲ ਹੈ, ਇਸ ਲਈ ਪੰਜਾਬ ਵਿਚ ਬੜੀਆਂ ਸਰਗਰਮੀਆਂ ਹੋ ਰਹੀਆਂ ਹਨ। ਖਾਲਸਾ ਮਾਰਚ ਹੋ ਰਹੇ ਹਨ। ਨਾਟਕ ਉੱਤਸਵ ਹੋ ਰਹੇ ਹਨ। ਸਿੱਖਾਂ ਦੇ ਇਤਿਹਾਸ ਨਾਲ ਜੁੜਦੀਆਂ ਫ਼ਿਲਮਾਂ ਦੀ ਸ਼ੂਟਿੰਗ ਹੋ ਰਹੀ ਹੈ। ਕੁਝ ਸਮਾਗਮ ਤਾਂ ਪੂਰੀ ਤਰ੍ਹਾਂ ਉਹ ਸਮਾਗਮ ਹਨ, ਜਿਹਨਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਸ਼ਖਸੀਅਤ ਨੂੰ ਸ਼ਰਧਾਂਜਲੀ ਵਜੋਂ ਕੀਤੇ ਜਾ ਰਹੇ ਹਨ। ਪਰ ਇਹਨਾਂ ਸ਼ਰਧਾਂਜਲੀ ਸਮਾਗਮਾਂ ਨਾਲ ਕਿਉਂਕਿ ਰਾਜਨੀਤੀ ਵੀ ਜੋੜੀ ਜਾ ਰਹੀ ਹੈ ਅਤੇ ਰਾਜਨੀਤੀ ਵੀ ਉਹ ਜਿਹੜੀ ਧਰਮ-ਅਧਾਰਤ ਹੈ, ਇਸ ਲਈ ਰਾਜਨੀਤੀ ਨਾਲ ਜੁੜੇ ਹੋਏ ਲੋਕਾਂ ਦਾ ਇਸ ਬਾਰੇ ਨੋਟਿਸ ਲੈਣਾ ਵੀ ਬਣਦਾ ਹੈ, ਖਾਸ ਕਰਕੇ ਉਹਨਾਂ ਲੋਕਾਂ ਦਾ ਜਿਹਨਾਂ ਵਿਚ ਕਮਿਊਨਿਸਟ ਸ਼ਾਮਲ ਹਨ, ਜਿਹੜੇ ਇਸ ਗੱਲ ਦੇ ਧਾਰਨੀ ਹਨ ਕਿ ਧਰਮਾਂ ਨਾਲ ਜੁੜੀ ਹੋਈ ਸਿਆਸਤ ਅੱਜ ਦੇ ਯੁੱਗ ਵਿਚ ਇਕ ਪਿਛਾਕੜੀ ਸਿਆਸਤ ਹੈ ਅਤੇ ਬਹੁਤੀ ਵਾਰ ਇਹ ਲੋਕ-ਦੁਸ਼ਮਣ ਹੋ ਕੇ ਨਿੱਬੜਦੀ ਹੈ। ਇਸ ਦੇ ਉਲਟ ਭਾਜਪਾ-ਅਕਾਲੀ ਧਰਮ ਅਧਾਰਤ ਸਿਆਸਤ ਚਲਾਉਣ ਦੇ ਹਾਮੀ ਹਨ। ਅਕਾਲੀ ਤਾਂ ਖੁੱਲ੍ਹੇਆਮ ਕਹਿੰਦੇ ਹਨ ਕਿ ਉਹਨਾਂ ਦੀ ਸਿਆਸਤ ਧਰਮ ਨਾਲੋਂ ਵੱਖਰੀ ਨਹੀਂ ਕੀਤੀ ਜਾ ਸਕਦੀ। ਦੋ ਧਿਰਾਂ ਦੀ ਇਹ ਬਹਿਸ ਬੜੀ ਸਪੱਸ਼ਟਤਾ ਨਾਲ ਹੋਣੀ ਚਾਹੀਦੀ ਹੈ। ਇਹ ਚਰਚਾ ਇਸ ਬਹਿਸ ਨੂੰ ਸੰਬੋਧਨ ਹੈ।

22 ਨਵੰਬਰ, ਜੋ ਅਨੰਦਪੁਰ ਸਾਹਿਬ ਉੱਤਸਵ ਹੋਇਆ, ਉਹ ਪੂਰੀ ਤਰ੍ਹਾਂ ਸਰਕਾਰੀ ਸ਼ੋ ਸੀ। ਲੱਖਾਂ ਹੀ ਖਰਚ ਹੋਇਆ ਤੇ ਕਰੋੜਾਂ ਖਰਚ ਕਰਨ ਦਾ ਐਲਾਨ ਹੋਇਆ। ਇਹ ਸਭ ਸਰਕਾਰੀ ਖਜ਼ਾਨੇ ਤੋਂ ਹੋਣਾ ਹੈ। ਲੋਕਾਂ ਦਾ ਪੁੱਛਣਾ ਬਣਦਾ ਹੈ ਕਿ ਇਕ ਸੈਕੂਲਰ ਸਟੇਟ ਵਿਚ ਇਕ ਧਰਮ ਨਾਲ ਜੁੜਦੀ ਯਾਦਗਾਰ ਬਣਾਉਣ ਲਈ ਸਰਕਾਰ ਦਾ ਕਿਉਂ ਖਰਚ ਕੀਤਾ ਜਾਵੇ? ਇਹ ਪੁੱਛਣਾ ਹੋਰ ਵੀ ਜ਼ਰੂਰੀ ਬਣਦਾ ਹੈ ਕਿਉਂਕਿ ਲੋਕ ਭਲਾਈ ਦੀਆਂ ਬਹੁਤ ਸਾਰੀਆਂ ਸਕੀਮਾਂ ਲਈ ਸਰਕਾਰ ਦਾ ਖਜ਼ਾਨਾ ਖਾਲੀ ਹੈ। ਅੱਗੋਂ ਇਹ ਤਾਂ ਹਰ ਕੋਈ ਜਾਣਦਾ ਹੈ ਕਿ ਦੁਨੀਆ ਵਿਚ ਫੈਲੇ ਹੋਏ ਸਿੱਖ ਭਾਈਚਾਰੇ ਕੋਲ ਏਨਾ ਪੈਸਾ ਜ਼ਰੂਰ ਹੈ ਕਿ ਸਿੱਖਾਂ ਦੀ ਧਾਰਮਕ ਸੰਸਥਾ ਵੱਲੋਂ ਅਪੀਲ ਕੀਤੇ ਜਾਣ ਦੇ ਬਾਅਦ ਯਾਦਗਾਰ ਲਈ ਹੁਣ ਨਾਲੋਂ 10 ਗੁਣਾਂ ਪੈਸਾ ਇਕੱਠਾ ਕੀਤਾ ਜਾ ਸਕਦਾ ਹੈ। ਉਹਨਾਂ ਨੂੰ ਇਹ ਦੇਣਾ ਹੀ ਚਾਹੀਦਾ ਹੈ ਕਿਉਂਕਿ ਇਹ ਯਾਦਗਾਰ ਉਹਨਾਂ ਦੇ ਮਾਣ ਨੂੰ ਵਧਾਉਂਦੀ ਹੈ। ਪਰ ਜਦੋਂ ਸਰਕਾਰ ਦਾ ਕਰੋੜਾਂ ਲੱਗਦਾ ਹੈ ਤਾਂ ਇਹ ਉਹਨਾਂ ਦੇ ਹਿੱਸੇ ਦਾ ਲੱਗਦਾ ਹੈ ਜਿਹਨਾਂ ਨੂੰ ਅਸੀਂ ਗਰੀਬ ਤੇ ਲੋੜਵੰਦ ਕਹਿੰਦੇ ਹਾਂ।

ਮਿਸਾਲ ਦੇ ਤੌਰ 'ਤੇ 50 ਮੀਟਰ ਉੱਚੇ ਨਿਸ਼ਾਨੇ ਖਾਲਸਾ ਦੇ ਘੇਰੇ ਵਿਚ ਸੂਰਜ ਚੜ੍ਹਨ ਤੋਂ ਲੈ ਕੇ ਸੂਰਜ ਡੁੱਬਣ ਤੱਕ ਨਿਸ਼ਾਨੇ ਖਾਲਸਾ ਦੇ ਪਰਛਾਵੇਂ ਦੇ ਰੂਪ ਵਿਚ 27 ਉਹ ਪਿੰਡ ਆਂਦੇ ਹਨ, ਜਿਹਨਾਂ ਵਿਚ ਪੀਣ ਦਾ ਪਾਣੀ ਮੁਹੱਈਆ ਨਹੀਂ। ਉਥੇ ਡੂੰਘੇ ਟਿਊਬਵੈੱਲ ਲਗਾਕੇ ਵਾਟਰ ਵਰਕਸ ਨਹੀਂ ਬਣਾਏ ਜਾ ਸਕੇ। ਇਹ ਸਰਕਾਰ ਨੇ ਕਰਨਾ ਹੈ। ਉਹ ਦਾ ਇਹ ਫਰਜ਼ ਬਣਦਾ ਹੈ। ਨਿਸ਼ਾਨੇ ਖਾਲਸਾ ਬਨਾਉਣ ਦਾ ਫਰਜ਼ ਖਾਲਸਾ ਪੰਥ ਦਾ ਬਣਦਾ ਹੈ। ਉਹ 50 ਮੀਟਰ ਦੀ ਥਾਂ ਸੌ ਮੀਟਰ ਉੱਚਾ ਬਨਾਉਣ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ? ਇਹ ਫੈਸਲਾ ਹੋਣਾ ਜ਼ਰੂਰੀ ਹੈ ਕਿ ਯਾਦਗਾਰ ਲਈ ਸਰਕਾਰੀ ਪੈਸਾ ਲੱਗੇ ਜਾਂ ਨਾ ਲੱਗੇ।

4 ਦਸੰਬਰ, ਜਦੋਂ ਸਿੰਘ ਸਾਹਬ ਘੋੜੇ ਤੇ ਚੜ੍ਹ ਕੇ ਖਾਲਸਾ ਮਾਰਚ ਦੀ ਅਗਵਾਈ ਕਰ ਰਹੇ ਸਨ ਤਾਂ ਇੰਝ ਲੱਗਦਾ ਸੀ ਕਿ ਦੋ ਸਦੀਆਂ ਪਹਿਲੇ ਮਰ ਚੁੱਕੀ ਰਜਵਾੜਾਸ਼ਾਹੀ ਦੀ ਯਾਦ ਤਾਜ਼ਾ ਕਰਵਾਈ ਜਾ ਰਹੀ ਹੈ। ਇਹ ਸ਼ਾਨੋ-ਸ਼ੌਕਤ ਬਿਲਕੁਲ ਵੇਲਾ ਵਿਹਾਅ ਚੁੱਕੀਆਂ ਰੀਤੀਆਂ ਅਤੇ ਸਭਿਆਚਾਰ ਦੀ ਪ੍ਰਤੀਕ ਹੈ। ਪੈਸੇ ਦੀ ਸਰਦਾਰੀ ਅਤੇ ਜਲੌਅ ਦੀ ਪ੍ਰਤੀਕ ਹੈ। ਇਸ ਬਾਰੇ ਸਭ ਉਹਨਾਂ ਲੋਕਾਂ ਦਾ ਨੋਟਿਸ ਲੈਣਾ ਬਣਦਾ ਹੈ, ਜੋ ਬਰਾਬਰੀ ਦਾ ਸਮਾਜ ਵੇਖਣ ਦੇ ਚਾਹਵਾਨ ਹਨ। ਇਸ ਸਾਰੇ ਵਰਤਾਰੇ ਦਾ ਸੁਨੇਹਾ ਸਾਫ਼ ਹੈ :

"ਓਏ ਭੋਲੇ-ਭਾਲੇ ਲੋਕੋ, ਪੰਥ ਦੀ ਚੜ੍ਹਦੀ
ਕਲਾ ਬਾਰੇ ਸੋਚੋ, ਐਵੇਂ ਨਾ ਗਰੀਬੀ ਦੇ
ਹਰ ਵੇਲੇ ਰੋਂਦੇ ਰਿਹਾ ਕਰੋ, ਜਦੋਂ ਤੁਹਾਡੀ
ਫ਼ਸਲ ਖੇਤਾਂ ਵਿਚ ਜਾਂ ਮੰਡੀਆਂ ਵਿਚ ਰੁੱਲਦੀ
ਹੋਵੇਂ ਤਾਂ ਐਵੇਂ ਨਾ ਢਹਿੰਦੀ ਕਲਾ ਵੱਲ ਜਾਓ
ਸਗੋਂ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ
ਨਸਲ ਵਾਲੇ ਘੋੜੇ ਦੇ ਦਰਸ਼ਨ ਕਰਕੇ ਢਹਿੰਦੀ
ਕਲਾ ਤੋਂ ਚੜ੍ਹਦੀ ਕਲਾ ਵਿਚ ਆਓ-"

ਇਹ ਖਾਲਸਾ ਮਾਰਚ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਵਾਲੀ, ਹੱਥ ਵਿਚ ਬਾਜ਼ ਅਤੇ ਨੀਲੇ ਘੋੜੇ ਤੇ ਅਸਵਾਰ ਦਾ ਪੱਖ ਹੀ ਉਭਾਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜਾ ਰੰਘਰੇਟੇ ਨੂੰ ਗਲੇ ਲਗਾਇਆ ਸੀ, ਉਹ ਅਵਾਮੀ ਪੱਖ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਫਲਸਫ਼ੇ ਦਾ ਅੰਗ ਸੀ, ਉਹ ਇਹ ਖਾਲਸਾ ਮਾਰਚ ਨਹੀਂ ਉਭਾਰੇਗਾ। ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਦੇ ਪੰਜਾਬ ਵਿਚ ਰੰਘਰੇਟੇ ਗੁਰੂ ਕੇ ਬੇਟੇ, 12500 ਪਿੰਡਾਂ ਦੇ ਬਾਹਰ ਠੱਠੀਆਂ ਅਤੇ ਵਿਹੜਿਆਂ ਵਿਚ ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਾਂਝੇ ਜੋ ਜੀਣਾ ਜੀਅ ਰਹੇ ਹਨ, ਇਹ ਮਾਰਚ ਉਹਨਾਂ ਦੇ ਹੱਕ ਵਿਚ ਨਹੀਂ। ਇਸ ਮਾਰਚ ਦਾ ਸੰਕਲਪ ਰਾਜਿਆਂ ਦੀ ਸ਼ਾਨ ਵਾਲਾ ਹੈ ਅਤੇ ਹੈ ਵੀ ਘੋੜੇ ਚੜ੍ਹੇ ਰਾਜਿਆਂ ਦਾ। ਮਨੁੱਖ ਨੇ ਰਜਵਾੜਾਸ਼ਾਹੀ ਤੋਂ ਜਿਹੜਾ ਲੋਕਤੰਤਰ ਵੱਲ ਸਫ਼ਰ ਕੀਤਾ ਹੈ ਇਹ ਹਾਥੀ, ਘੋੜਿਆਂ ਦਾ ਮਾਰਚ ਸਭ ਉਸਨੂੰ ਨਿਖੇਧਦਾ ਹੈ। ਲੋਕਾਂ ਦਾ ਇਸ ਬਾਰੇ ਫੈਸਲਾ ਲੈਣਾ ਬਣਦਾ ਹੈ।

ਕੁੱਝ ਗੱਲਾਂ ਵੱਡਿਆਂ ਨੂੰ ਪੁੱਗਦੀਆਂ ਹਨ। ਉਹ ਉਹਨਾਂ ਨੂੰ ਬੜੀ ਸ਼ਾਨ ਨਾਲ ਇਸ ਤਰ੍ਹਾਂ ਕਰਨਗੇ ਕਿ ਗਰੀਬ ਆਪਣੀ ਗਰੀਬੀ ਅਤੇ ਲਾਚਾਰੀ ਨੂੰ ਭੁੱਲ ਜਾਣ।

ਲੋਕ-ਪੱਖੀ ਵਿਚਾਰਧਾਰਾ ਦੇ ਧਾਰਨੀਆਂ ਦਾ ਫਰਜ਼ ਬਣਦਾ ਹੈ ਕਿ ਉਹ ਹਰ ਪਲ ਲੋਕਾਂ ਨੂੰ ਯਾਦ ਕਰਵਾਂਦੇ ਰਹਿਣ ਕਿ ਉਹਨਾਂ ਦੀ ਮੁਕਤੀ ਕਿਸ ਰਾਹ ਨਾਲ ਹੋ ਸਕਦੀ ਹੈ। ਇਹ ਕਰਨ ਲਈ ਹੁਣ ਉਹਨਾਂ ਨੂੰ ਕਾਂਗਰਸੀਆਂ ਵਾਕੁਨ ਗੁਰਦੁਆਰਿਆਂ ਵਿਚ ਘੁਸਪੈਠੀ ਨਹੀਂ ਕਰਨੀ ਚਾਹੀਦੀ ਕਿਉਂਕਿ ਧਾਰਮਕ ਅਸਥਾਨਾਂ ਤੋਂ ਜਿਹੜੀ ਵੀ ਸਿਆਸਤ ਉਪਜੇਗੀ ਉਹਦੇ ਵਿਚ ਸ਼ਰਧਾ ਅਤੇ ਅੰਧ-ਵਿਸ਼ਵਾਸ ਹੀ ਹੋਵੇਗਾ, ਤਰਕ ਨਹੀਂ ਹੋਵੇਗਾ। ਲੋਕ-ਪੱਖੀ ਸਿਆਸਤ ਦਾ ਅਪਣਾ ਪਿੜ ਹੈ ਅਤੇ ਉਸ ਪਿੜ ਵਿਚ ਖਲੋਕੇ ਹੀ ਉਹਨਾਂ ਨੇ ਆਪਣੀ ਗੱਲ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਨੀ ਹੁੰਦੀ ਹੈ। 300-ਸਾਲਾ ਦੀ ਗੱਲ ਰੱਜੇ-ਪੁੱਜੇ ਤੇ ਗਰੀਬ ਲੋਕਾਂ ਦੇ ਸੰਦਰਭ ਵਿਚ ਕਰਨੀ ਬਣਦੀ ਹੈ।

ਇਹ ਸਾਲ ਗੁਰੂ ਗੋਬਿੰਦ ਸਿੰਘ ਜੀ ਦੇ ਪੈਰੋਕਾਰਾਂ ਲਈ ਇਕ ਵੱਡੀ ਮਹੱਤਤਾ ਰੱਖਦਾ ਹੈ ਕਿਉਂਕਿ ਉਹਨਾਂ ਨੇ ਫੈਸਲਾ ਕਰਨਾ ਹੈ ਕਿ ਕੀ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਇੱਕੋ ਬਾਟੇ ਵਿਚੋਂ ਅੰਮ੍ਰਿਤ ਛਕਾਉਣ ਦੇ ਬਰਾਬਰੀ ਦੇ ਸੰਕਲਪ ਨੂੰ ਅਪਣਾਉਣਾ ਹੈ ਜਾਂ ਖਾਲਸੇ ਦੀ ਸ਼ਾਨ ਦਾ ਪ੍ਰਗਟਾਵਾ ਕਰਕੇ ਹੀ ਆਪਣੀ ਸ਼ਕਤੀ ਜ਼ਾਇਆ ਕਰ ਦੇਣੀ ਹੈ। ਉਹਨਾਂ ਨੇ ਫੈਸਲਾ ਕਰਨਾ ਹੈ ਕਿ ਉਹਨਾਂ ਨੂੰ ਰੰਘਰੇਟੇ ਗੁਰੂ ਕੇ ਬੇਟੇ ਪਿਆਰੇ ਹਨ ਜਾਂ ਘੋੜਿਆਂ ਤੇ ਚੜ੍ਹੇ ਸਰਦਾਰ। ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਲੋਕਾਂ ਨੂੰ ਇਸ ਫੈਸਲੇ ਦੀ ਉਡੀਕ ਰਹੇਗੀ।